Human Resources and Skills Development Canada / Ressources humaines et Développement des compétences Canada

ਹੁਣ ਅਤੇ ਕੱਲ੍ਹ

ਉੱਤਮਤਾ ਹਰ ਕੰਮ ਵਿੱਚ ਜੋ ਅਸੀਂ ਕਰਦੇ ਹਾਂ

## ਕਨੇਡਾ ਐਜੂਕੇਸ਼ਨ ਸੇਵਿੰਗਜ਼ ਪ੍ਰੋਗਰਾਮ

[Canada Education Savings Program \
Programme canadien pour l'épargne-études]

# ਉਚਿਤ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਚੁਣਨਾ

**CANLEARN.CA / CIBLETUDES.CA**

Canada

# ਉਚਿਤ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਚੁਣਨਾ
## Choosing the Right RESP / Choisir le bon REEE

ਕੀ ਆਪਣੇ ਬੱਚੇ ਦੀ ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ ਲਈ ਧਨ ਜੁਟਾਉਣ ਵਾਸਤੇ ਤੁਸੀਂ ਕੋਈ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ [Registered Education Savings Plan (RESP) / Régime enregistré d'épargne-études (REEE)] ਲੈਣ ਬਾਰੇ ਸੋਚ ਰਹੇ ਹੋ? ਇਹ ਪਰਚਾ ਤੁਹਾਨੂੰ ਇਸ ਕਾਰਵਾਈ ਬਾਰੇ ਸੇਧ ਦੇਵੇਗਾ।

### ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਕੀ ਹੁੰਦੀ ਹੈ?

ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ [RESP / REEE] ਸਿੱਖਿਆ ਬਚਤ ਖਾਤਾ ਹੈ ਜਿਹੜਾ ਕਨੇਡਾ ਸਰਕਾਰ ਨਾਲ ਰਜਿਸਟਰ ਹੁੰਦਾ ਹੈ। ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਨਾਲ ਤੁਸੀਂ ਹੋਰ ਅਨੁਦਾਨ ਅਤੇ ਆਰਥਿਕ ਸਹਾਇਤਾ ਲੈਣ ਦੇ ਕਾਬਲ ਹੋ ਸਕਦੇ ਹੋ, ਜਿਵੇਂ ਕਿ:

- ਕਨੇਡਾ ਲਰਨਿੰਗ ਬਾਂਡ [Canada Learning Bond (CLB) / Bon d'études canadien (BEC)];
- ਬੁਨਿਆਦੀ ਅਤੇ ਵਧੀਕ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗਰਾਂਟ [Basic and Additional Canada Education Savings Grant / Subvention canadienne pour l'épargne-études de base et supplémentaire]
- ਪ੍ਰਾਂਤਕ ਸਿੱਖਿਆ ਬਚਤ ਪ੍ਰੇਰਕ (ਸਿਰਫ਼ ਅਲਬਰਟਾ ਅਤੇ ਕਿਊਬੱਕ ਲਈ)।

### ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਕੌਣ ਦਿੰਦਾ ਹੈ?

ਵਿੱਤੀ ਸੰਸਥਾਵਾਂ (ਬੈਂਕ ਜਾਂ ਕ੍ਰੈਡਿਟ ਯੂਨੀਅਨਾਂ), ਸਰਟੀਫਾਈਡ ਵਿੱਤੀ ਵਿਉਂਤਕਾਰ ਜਾਂ ਗਰੁੱਪ ਪਲਾਨ ਡੀਲਰ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪਰਦਾਤਾ ਹਨ।

### ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪਰਦਾਤਾ ਚੁਣਨ ਵੇਲੇ ਮੈਨੂੰ ਕੀ ਜਾਣਨਾ ਚਾਹੀਦਾ ਹੈ?

ਤੁਹਾਡੀਆਂ ਲੋੜਾਂ ਦੇ ਸਭ ਤੋਂ ਵੱਧ ਯੋਗ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪਰਦਾਤਾ [RESP provider / fournisseur de REEE] ਨੂੰ ਚੁਣਨਾ ਅਹਿਮ ਹੈ।

ਤੁਹਾਡਾ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪਰਦਾਤਾ ਤੁਹਾਡੇ ਲਈ ਉਚਿਤ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਚੁਣਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

ਕੁਝ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪਰਦਾਤਾ ਤੁਹਾਨੂੰ ਆਪਣੀਆਂ ਸੇਵਾਵਾਂ ਜਾਂ ਉਨ੍ਹਾਂ ਦੁਆਰਾ ਕੀਤੇ ਨਿਵੇਸ਼ ਲਈ ਤੁਹਾਨੂੰ ਭੁਗਤਾਨ ਕਰਨ ਲਈ ਕਹਿੰਦੇ ਹਨ। ਦੂਸਰੇ ਤੁਹਾਡੇ ਦੁਆਰਾ ਕੀਤੇ ਜਾਣ ਵਾਲੇ ਭੁਗਤਾਨਾਂ ਅਤੇ/ਜਾਂ ਤੁਹਾਡੇ ਬੱਚੇ ਨੂੰ ਆਪਣੀ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਤੋਂ ਮਿਲਣ ਵਾਲੇ ਲਾਭਾਂ ਉੱਤੇ ਸ਼ਰਤਾਂ ਲਾਉਂਦੇ ਹਨ।

## ਆਪਣੇ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪਰਦਾਤਾ ਤੋਂ ਪੁੱਛਣ ਵਾਲੇ ਸਵਾਲ

- ਕੀ ਤੁਸੀਂ ਕਨੇਡਾ ਲਰਨਿੰਗ ਬਾਂਡ, ਵਧੀਕ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗਰਾਂਟ [Additional Canada Education Savings Grant / Subvention canadienne pour l'épargne-études supplémentaire], ਜਾਂ ਅਲਬਰਟਾ ਜਾਂ ਕਿਊਬੱਕ ਦੇ ਪ੍ਰਾਂਤਕ ਸਿੱਖਿਆ ਬਚਤ ਪ੍ਰੇਰਕ ਦਿੰਦੇ ਹੋ?
- ਤੁਸੀਂ ਕਿਸ ਤਰ੍ਹਾਂ (ਪਰਿਵਾਰਕ, ਵਿਅਕਤੀਗਤ ਜਾਂ ਗਰੁੱਪ) ਦੀਆਂ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨਾਂ ਦਿੰਦੇ ਹੋ? ਕੀ ਫ਼ਰਕ ਹਨ?
- ਤੁਸੀਂ ਕਿਹੜੇ ਨਿਵੇਸ਼ ਉਤਪਾਦ ਦਿੰਦੇ ਹੋ? ਜਦੋਂ ਮੇਰੇ ਕੋਲ ਮੇਰੀ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਹੈ ਤਾਂ ਕਿ ਮੈਂ ਬਦਲ ਕੇ ਕੋਈ ਹੋਰ ਉਪਤਾਦ ਲੈ ਸਕਦਾ ਹਾਂ? ਕਿਹੜਾ ਉਪਤਾਦ ਸਭ ਤੋਂ ਸੁਰੱਖਿਅਤ ਹੈ?
  - ਕੀ ਮੈਨੂੰ:
  - ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਖਾਤਾ ਖੋਲ੍ਹਣ ਲਈ
  - ਆਪਣੇ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਖਾਤੇ ਵਿੱਚੋਂ ਪੈਸਾ ਕਢਾਉਣ ਲਈ
  - ਆਪਣੀ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਨੂੰ ਚਲਾਉਣ ਲਈ
  - ਸੇਵਾਵਾਂ ਅਤੇ ਕਮਿਸ਼ਨਾਂ

  ਲਈ ਫੀਸ ਦੇਣੀ ਪਵੇਗੀ? ਜੇ ਅਜਿਹਾ ਹੈ, ਤਾਂ ਹਰ ਇੱਕ ਫੀਸ ਕਿੰਨ੍ਹੀ ਹੈ ਅਤੇ ਮੈਂ ਇਹ ਕਦੋਂ ਦੇਣੀ ਹੈ?
- ਜੇ ਮੈਂ ਆਪਣੇ ਭੁਗਤਾਨ  ਨੇਮ ਨਾਲ ਨਾ ਦੇ ਸਕਾਂ ਤਾਂ ਕੀ ਹੋਵੇਗਾ?
- ਕਿਹੜੇ ਸੈਕੰਡਰੀ ਸਕੂਲ ਉਪਰੰਤ ਪ੍ਰੋਗਰਾਮ ਤੁਹਾਡੀ ਪਲਾਨ ਤੋਂ ਬਾਹਰ ਹਨ?
- ਕੀ ਹੋਵੇਗਾ ਜੇ ਮੇਰਾ ਬੱਚਾ ਹਾਈ ਸਕੂਲ ਤੋਂ ਬਾਅਦ ਆਪਣੀ ਪੜ੍ਹਾਈ ਜਾਰੀ ਨਾ ਰੱਖੇ?
- ਜੇ ਮੈਂ ਆਪਣਾ ਰਜਿਸਟਰਡ ਸੇਵਿੰਗਜ਼ ਖਾਤਾ ਛੇਤੀ ਬੰਦ ਕਰਨਾ ਹੋਵੇ ਤਾਂ ਕੀ ਮੈਨੂੰ:
  - ਫੀਸਾਂ ਜਾਂ ਜ਼ੁਰਮਾਨੇ ਦੇਣੇ ਪੈਣਗੇ?
  - ਪਲਾਨ ਵਿੱਚ ਪਾਇਆ ਆਪਣਾ ਪੈਸਾ ਵਾਪਸ ਮਿਲੇਗਾ?
  - ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਵਿੱਚ ਕਮਾਇਆ ਵਿਆਜ ਗਵਾਉਣਾ ਪਵੇਗਾ?
  - ਕਿਸੇ ਹੋਰ ਕਿਸਮ ਦੀ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਜਾਂ ਕਿਸੇ ਰਜਿਸਟਰਡ ਬਚਤ ਉਪਤਾਦ ਵਿੱਚ ਪੈਸਾ ਬਦਲਨ ਦੀ ਖੁੱਲ੍ਹ ਹੋਵੇਗੀ।

## ਆਪਣੀ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਨੂੰ ਖੋਲ੍ਹਣ ਦੇ ਇਕਰਾਰਨਾਮੇ ਉੱਤੇ ਦਸਤਖ਼ਤ ਕਰਨ ਤੋਂ ਪਹਿਲਾਂ

ਆਪਣੇ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪਰਦਾਤਾ ਨੂੰ ਸਾਰੀ ਜਾਣਕਾਰੀ ਤੁਹਾਨੂੰ ਲਿਖਤ ਵਿੱਚ ਦੇਣ ਲਈ ਕਹੋ।

ਇਹ ਨਿਸ਼ਚਿਤ ਕਰੋ ਕਿ ਤੁਹਾਡਾ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪਰਦਾਤਾ ਪ੍ਰਾਂਤਕ ਸਿੱਖਿਆ ਬਚਤ ਪ੍ਰੇਰਕ (ਸਿਰਫ਼ ਅਲਬਰਟਾ ਅਤੇ ਕਿਊਬੱਕ) ਦਿੰਦਾ ਹੈ।

ਸਾਰੇ ਕਾਗਜ਼ਾਤ ਪੜ੍ਹੋ। ਵੇਰਵਿਆਂ (ਫੀਸਾਂ, ਜ਼ੁਰਮਾਨੇ, ਕਮਿਸ਼ਨ ਅਤੇ ਸਿੱਖਿਆ ਸਹਾਇਤਾ ਭੁਗਤਾਨਾਂ) ਉੱਤੇ ਧਿਆਨ ਦਿਓ। ਜੇ ਕਿਸੇ ਗੱਲ ਦਾ ਪਤਾ ਨਾ ਲੱਗੇ, ਤਾਂ ਦਸਤਖ਼ਤ ਨਾ ਕਰੋ, ਅਤੇ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪਰਦਾਤਾ ਨੂੰ ਸਮਝਾਉਣ ਲਈ ਕਹੋ।

ਆਪਣਾ ਸਮਾਂ ਲਵੋ ਅਤੇ ਵੱਖ-ਵੱਖ ਕਿਸਮਾਂ ਦੀਆਂ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨਾਂ (ਪਰਿਵਾਰਕ, ਵਿਅਕਤੀਗਤ ਜਾਂ ਗਰੁੱਪ) ਦੇ ਲਾਭਾਂ ਅਤੇ ਹਾਨੀਆਂ ਦੀ ਤੁਲਨਾ ਕਰੋ। ਫੈਸਲਾ ਕਰਨ ਤੋਂ ਪਹਿਲਾਂ ਤੁਹਾਨੂੰ ਸਾਰੀ ਜਾਣਕਾਰੀ ਉੱਤੇ ਨਿਗਾਹ ਮਾਰਨ ਦਾ ਹੱਕ ਹੈ।

## ਇਕਰਾਰਨਾਮੇ ਉੱਤੇ ਦਸਤਖ਼ਤ ਕਰਨ ਤੋਂ ਬਾਅਦ

ਸਾਰੇ ਦਸਤਖ਼ਤ ਕੀਤੇ ਕਾਗਜ਼ਾਤਾਂ ਦੀ ਨਕਲ ਰੱਖੋ।

ਆਪਣੇ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪਰਦਾਤਾ ਨੂੰ ਬੁਨਿਆਦੀ ਅਤੇ ਵਧੀਕ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗਰਾਂਟ ਅਤੇ ਕਨੇਡਾ ਲਰਨਿੰਗ ਬਾਂਡ ਲਈ ਅਰਜ਼ੀ ਭਰਨ ਵਿੱਚ ਤੁਹਾਡੀ ਮਦਦ ਕਰਨ ਲਈ ਕਹੋ। ਤੁਹਾਨੂੰ ਇਨ੍ਹਾਂ ਵਿੱਚੋਂ ਹਰ ਇੱਕ ਲਈ ਅਲੱਗ-ਅਲੱਗ ਅਰਜ਼ੀ ਦੇਣੀ ਜ਼ਰੂਰੀ ਹੈ।

## ਮੈਂ ਸਹਾਇਤਾ ਜਾਂ ਵਧੇਰੇ ਜਾਣਕਾਰੀ ਕਿਥੋਂ ਲੈ ਸਕਦਾ ਹਾਂ? (ਕੇਵਲ ਅੰਗ੍ਰੇਜ਼ੀ ਜਾਂ ਫ਼੍ਰਾਂਸੀਸੀ)

1 800 O-Canada (1-800-622-6232)
ਟੀਟੀਵਾਈ: 1-800-926-9105

CanLearn.ca (ਅੰਗ੍ਰੇਜ਼ੀ) ਜਾਂ Cibletudes.ca (ਫ਼੍ਰਾਂਸੀਸੀ)

ਤੁਹਾਡੇ ਨੇੜੇ ਦਾ ਸਰਵਿਸ ਕਨੇਡਾ ਸੈਂਟਰ [Service Canada Centre / Centre service Canada]

ਕਨੇਡਾ ਰੈਵੀਨਿਊ ਏਜੰਸੀ [Canada Revenue Agency / Agence du revenu du Canada]
ਵਿਅਤਕੀਗਤ ਆਮਦਨ ਕਰ ਪੁੱਛ-ਗਿੱਛ
1-800-959-8281
www.cra-arc.gc.ca

ਫਾਈਨਾਂਸ਼ੀਅਲ ਕੰਜ਼ਿਊਮਰ ਏਜੰਸੀ ਆਫ਼ ਕਨੇਡਾ [Financial Consumer Agency of Canada / Agence de la consommation en matière financière du Canada]
1-866-461-3222
www.fcac.gc.ca / www.acfc.gc.ca

ਤੁਸੀਂ ਇਸ ਪਤੇ ਤੇ ਸੰਪਰਕ ਕਰਕੇ ਇਹ ਪ੍ਰਕਾਸ਼ਨ ਮੰਗਵਾ ਸਕਦੇ ਹੋ:

**ਪਬਲਿਸ਼ਿੰਗ ਸਰਵਿਸਜ਼**
**ਹਿਊਮਨ ਰਿਸੋਰਸਜ਼ ਐਂਡ ਸਕਿਲਜ਼ ਡਵਲਪਮੈਂਟ ਕਨੇਡਾ**

**Publishing Services / Services des publications**
**Human Resources and Skills Development Canada / Ressources humaines et Développement des compétences Canada**
140 Promenade du Portage
Portage IV, 12th Floor
Gatineau, Québec
K1A 0J9

ਫ਼ੈਕਸ: 819-953-7260

ਆੱਨਲਾਈਨ: http://www12.hrsdc.gc.ca (ਅੰਗ੍ਰੇਜ਼ੀ) ਜਾਂ http://www12.rhdcc.gc.ca (ਫ਼੍ਰਾਂਸੀਸੀ)

ਇਹ ਦਸਤਾਵੇਜ਼ ਬਦਲਵੇਂ ਫਾਰਮੈਟਾਂ ਵਿੱਚ (ਵੱਡਾ ਛਾਪਾ, ਬਰੇਲ ਲਿਖਤ, ਆਡੀਉ ਕਸੈਟ, ਈ-ਟੈਕਸਟ ਡਿਸਕੈਟ, ਈ-ਟੈਕਸਟ ਸੀਡੀ, ਜਾਂ DAISY), 1 800 O-Canada (1-800-622-6232) ਨੂੰ ਸੰਪਰਕ ਕਰਕੇ ਮੰਗਣ ਉੱਤੇ ਉਪਲਬਧ ਹੈ। ਜੇ ਤੁਸੀਂ ਟੈਲੀਟਾਈਪਰਾਈਟਰ [TTY/ATS] ਇਸਤੇਮਾਲ ਕਰਦੇ ਹੋ, 1-800-926-9105 ਉੱਤੇ ਫ਼ੋਨ ਕਰੋ

© ਹਰ ਮੈਜਸਟੀ ਦੀ ਕੁਈਨ ਇਨ ਰਾਈਟ ਆੱਫ਼ ਕਨੇਡਾ, 2011